"ਬਾਲਕ ਸੋ ਮਾਲਿਕਪਨ ਦੇ ਨਸ਼ੇ ਵਿੱਚ ਰਹਿਣ ਦੇ ਲਈ ਮਨ ਦਾ ਰਾਜਾ ਬਣੋ"

ਅੱਜ ਵਿਸ਼ਵ ਦੇ ਮਾਲਿਕ ਬਾਪ ਆਪਣੇ ਚਾਰੋਂ ਪਾਸੇ ਦੇ ਮਾਲਿਕ ਸੋ ਬਾਲਕ ਬੱਚਿਆਂ ਨੂੰ ਦੇਖ ਰਹੇ ਹਨ। ਬਾਲਕ ਵੀ ਹੋ ਤਾਂ ਮਾਲਿਕ ਵੀ ਹੋ। ਵਿਸ਼ਵ ਦੇ ਮਾਲਿਕ ਭਵਿੱਖ ਵਿੱਚ ਬਣੋਗੇ ਲੇਕਿਨ ਬਾਪ ਦੇ ਸਰਵ ਖਜ਼ਾਨਿਆਂ ਦੇ ਮਲਿਕ ਹੁਣ ਹੋ। ਵਿਸ਼ਵ ਰਾਜ ਅਧਿਕਾਰੀ ਭਵਿੱਖ ਵਿੱਚ ਬਣੋਂਗੇ ਪਰ ਸਵਰਾਜ ਅਧਿਕਾਰੀ ਹੁਣ ਹੋ ਇਸਲਈ ਬਾਲਕ ਵੀ ਹੋ ਅਤੇ ਮਾਲਿਕ ਵੀ ਹੋ। ਦੋਵੇਂ ਹੋ ਨਾ! ਬਾਲਕਪਨ ਦਾ ਨਸ਼ਾ ਸਦਾ ਰਹਿੰਦਾ ਹੀ ਹੈ। ਬਾਪਦਾਦਾ ਨੇ ਦੇਖਿਆ ਹੈ ਕਿ ਬਾਲਕਪਨ ਦਾ ਨਸ਼ਾ ਭਾਵੇਂ ਇਮਰਜ਼ ਰੂਪ ਵਿੱਚ, ਭਾਵੇਂ ਮਰਜ ਰੂਪ ਵਿੱਚ ਮੈਜ਼ੋਰਿਟੀ ਨੂੰ ਰਹਿੰਦਾ ਹੈ ਕਿਉਂਕਿ ਜੇਕਰ ਯਾਦ ਵਿੱਚ ਬੈਠਦੇ ਹੋ ਤਾਂ ਵੀ ਕੀ ਯਾਦ ਰਹਿੰਦਾ ਹੈ? ਬਾਬਾ। ਤਾਂ 'ਬਾਬਾ' ਇਹ ਸੋਚਣਾ ਅਤੇ ਕਹਿਣਾ, ਬੱਚਾ ਹੈ ਉਦੋਂ ਬਾਬਾ ਕਹਿੰਦੇ ਹਨ। ਅਤੇ ਜੋ ਸੱਚੇ ਸੇਵਾਧਾਰੀ ਹਨ ਉਨ੍ਹਾਂ ਦੇ ਮੁਖ ਤੋਂ ਬਾਰ - ਬਾਰ ਕੀ ਨਿਕਲਦਾ ਹੈ? ਬਾਬਾ ਨੇ ਇਹ ਕਿਹਾ, ਬਾਬਾ ਇਹ ਕਹਿੰਦੇ ਹਨ। ਸਾਰੇ ਦਿਨ ਵਿੱਚ ਚੈਕ ਕਰੋ ਤਾਂ ਕਿੰਨੀ ਵਾਰੀ 'ਬਾਬਾ-ਬਾਬਾ' ਸ਼ਬਦ ਸੇਵਾ ਵਿਚ ਕਹਿੰਦੇ ਰਹਿੰਦੇ ਹੋ? ਪਰ ਦੋ ਤਰ੍ਹਾਂ ਨਾਲ 'ਬਾਬਾ' ਸ਼ਬਦ ਕਹਿਣ ਵਾਲੇ ਹਨ। ਇੱਕ ਹੈ ਦਿਲ ਨਾਲ 'ਬਾਬਾ' ਕਹਿਣ ਵਾਲੇ ਅਤੇ ਦੂਸਰੇ ਹਨ ਨਾਲੇਜ ਦੇ ਦਿਮਾਗ਼ ਨਾਲ ਕਹਿਣ ਵਾਲੇ। ਜੋ ਦਿਲ ਨਾਲ 'ਬਾਬਾ' ਕਹਿੰਦੇ ਹਨ ਉਹਨਾਂ ਨੂੰ ਸਦਾ ਸਹਿਜ ਦਿਲ ਵਿੱਚ ਬਾਬਾ ਦਵਾਰਾ ਪ੍ਰਤੱਖ ਪ੍ਰਾਪਤੀ ਖੁਸ਼ੀ ਅਤੇ ਸ਼ਕਤੀ ਮਿਲਦੀ ਹੈ ਅਤੇ ਜੋ ਸਿਰਫ਼ ਦਿਮਾਗ ਚੰਗਾ ਹੋਣ ਦੇ ਕਾਰਣ ਨਾਲੇਜ਼ ਦੇ ਪ੍ਰਮਾਣ 'ਬਾਬਾ - ਬਾਬਾ' ਸ਼ਬਦ ਕਹਿੰਦੇ ਹਨ ਉਨ੍ਹਾਂ ਨੂੰ ਉਸ ਸਮੇਂ ਬੋਲਣ ਵਿੱਚ ਆਪਣੇ ਨੂੰ ਵੀ ਖੁਸ਼ੀ ਹੁੰਦੀ ਅਤੇ ਸੁਣਨ ਵਾਲਿਆਂ ਨੂੰ ਵੀ ਉਸ ਸਮੇਂ ਤੱਕ ਖੁਸ਼ੀ ਹੁੰਦੀ, ਚੰਗਾ ਲੱਗਦਾ ਪਰ ਸਦਾਕਾਲ ਦੇ ਲਈ ਦਿਲ ਵਿੱਚ ਖੁਸ਼ੀ ਅਤੇ ਸ਼ਕਤੀ ਦੋਵੇਂ ਹੋਣ, ਉਹ ਸਦਾ ਨਹੀਂ ਰਹਿੰਦੀ, ਕਦੀ ਰਹਿੰਦੀ, ਕਦੀ ਨਹੀਂ, ਕਿਉਂ? ਦਿਲ ਤੋਂ 'ਬਾਬਾ' ਨਹੀਂ ਕਿਹਾ। ਤਾਂ ਬਾਪਦਾਦਾ ਨੇ ਦੇਖਿਆ ਕਿ ਬਾਲਕਪਨ ਦਾ ਨਿਸ਼ਚੇ ਸਭ ਨੂੰ ਹੈ, ਨਸ਼ਾ ਕਦੀ ਹੈ, ਕਦੀ ਨਹੀਂ ਹੈ। ਬਾਬਾ ਦੇ ਹਾਂ - ਇਹ ਨਿਸ਼ਚੇ, ਇਸ ਵਿੱਚ ਮੈਜੋਰਿਟੀ ਠੀਕ ਹਨ। ਬਾਲਕ ਤਾਂ ਹੋ ਹੀ ਪਰ ਸਿਰਫ਼ ਬਾਲਕ ਨਹੀਂ ਹੋ, ਬਾਲਕ ਸੋ ਮਾਲਿਕ ਹੋ। ਡਬਲ ਹੈ।

ਤਾਂ ਮਾਲਿਕਪਨ - ਇੱਕ ਸਵਰਾਜ ਅਧਿਕਾਰੀ ਮਾਲਿਕ ਅਤੇ ਦੂਸਰਾ ਬਾਪ ਦੇ ਸਰਵ ਖਜਾਨਿਆਂ ਦੇ ਮਾਲਿਕ, ਕਿਉਂਕਿ ਸਰਵ ਖਜ਼ਾਨਿਆਂ ਨੂੰ ਆਪਣਾ ਬਣਾਉਂਦੇ ਹੋ, ਮੇਰਾ ਵਰਸਾ ਹੈ, ਦਾਤਾ ਬਾਪ ਹੈ ਨਾ ਬਾਪ ਨੇ ਦਿੱਤਾ ਕਿ ਤੁਸੀਂ ਵਰਸੇ ਦੇ ਮਾਲਿਕ ਹੋ। ਤਾਂ ਇਹ ਵਰਸਾ ਸਭਨੂੰ ਮਿਲਿਆ ਹੈ? ਕਿਸੇਨੂੰ ਘਟ, ਕਿਸੇਨੂੰ ਜ਼ਿਆਦਾ ਤਾਂ ਨਹੀਂ ਮਿਲਿਆ ਹੈ? ਸਭਨੂੰ ਇੱਕ ਵਰਗਾ ਮਿਲਿਆ ਹੈ ਨਾ? ਜਾਂ ਕਿਸੇਨੂੰ ਇੱਕ ਕਰੋੜ ਮਿਲਿਆ ਅਤੇ ਕਿਸੇਨੂੰ 10 ਕਰੋੜ, ਇਵੇਂ ਤਾਂ ਨਹੀਂ ਹੈ ਨਾ? ਕਿਉਂਕਿ ਬਾਪ ਦੇ ਖਜ਼ਾਨੇ ਬੇਹੱਦ ਦੇ ਹਨ। ਕਿੰਨੇ ਵੀ ਬੱਚੇ ਹੋਣ ਪਰ ਬਾਪ ਦੇ ਖਜ਼ਾਨੇ ਵੰਡਣ ਨਾਲ ਘੱਟ ਹੋਣ ਵਾਲੇ ਨਹੀਂ ਹਨ। ਖੁਲਾ ਅਤੇ ਸੰਪੰਨ ਭੰਡਾਰ ਹੈ ਇਸਲਈ ਬਾਪ ਕਿਸੇਨੂੰ ਘੱਟ ਕਿਉਂ ਦਵੇ! ਜਦ ਹੈ ਹੀ ਬੱਚਿਆਂ ਦੇ ਲਈ ਤਾਂ ਕਿਸੇ ਨੂੰ ਜਿਆਦਾ, ਕਿਸੇ ਨੂੰ ਘੱਟ ਕਿਓਂ ਦੇਣ! ਤਾਂ ਇੱਕ ਬਾਪ ਦੇ ਵਰਸੇ ਦੇ ਅਧਿਕਾਰੀ ਮਾਲਿਕ ਅਤੇ ਦੂਸਰਾ ਸਵਰਾਜ ਦੇ ਮਾਲਿਕ। ਤਾਂ ਸਵਰਾਜ ਮਿਲਿਆ ਹੈ? ਦੋਵਾਂ ਦੇ ਮਾਲਿਕ ਹੋ? ਪੱਕਾ ਹੈ ਨਾ? ਤਾਂ ਮਾਲਿਕ ਹੋਕੇ ਕਿੰਨਾ ਸਮਾਂ ਚੱਲਦੇ ਹੋ? ਕਹਿੰਦੇ ਵੀ ਹੋ ਕਿ ਸਵਰਾਜ ਸਾਡਾ ਬਰਥ ਰਾਈਟ ਹੈ। ਕਹਿੰਦੇ ਹੋ ਨਾ ਜਾਂ ਮਹਾਂਰਥੀਆਂ ਦਾ ਬਰ੍ਥ ਰਾਈਟ ਹੈ, ਸਾਡਾ ਥੋੜਾ ਹੈ? ਸਵਰਾਜ ਦਾ ਅਧਿਕਾਰ ਸਭ ਨੂੰ ਮਿਲਿਆ ਹੈ ਕਿ ਥੋੜਾ -ਥੋੜ੍ਹਾ ਮਿਲਿਆ ਹੈ? ਇਸ ਤੇ ਪੂਰਾ ਪੱਕਾ ਰਹਿਣਾ। ਤਾਂ ਚੈਕ ਕਰੋ ਕਿ ਸਵ ਦੀ ਸਰਵ ਕਰਮਇੰਦਰੀਆਂ ਆਡਰ ਪ੍ਰਮਾਣ ਹਨ? ਕਰਮਇੰਦਰੀਆਂ, ਤੁਸੀਂ ਸਵਰਾਜ ਅਧਿਕਾਰੀ ਬੱਚਿਆਂ ਦੇ ਕਰਮਚਾਰੀ ਹਨ ਨਾ? ਮਾਲਿਕ ਤਾਂ ਨਹੀਂ ਹਨ? ਤੁਸੀਂ ਮਾਲਿਕ ਹੋ, ਇਹ ਠੀਕ ਹੈ? ਕਿ ਕਰਮਚਾਰੀ ਮਾਲਿਕ ਹਨ ਅਤੇ ਤੁਸੀਂ ਕਰਮਚਾਰੀ ਬਣ ਜਾਂਦੇ ਹੋ?

ਤਾਂ ਬਾਪਦਾਦਾ ਨੇ ਦੇਖਿਆ ਕਿ ਬੱਚਿਆਂ ਦੀ ਸ਼ਥਿਤੀ ਵਿੱਚ ਸਭਤੋਂ ਵੱਧ ਜੋ ਮਾਲਿਕਪਨ ਭੁਲਾਉਣ ਵਾਲਾ ਹੈ ਉਹ ਸਮੇਂ ਪ੍ਰਤੀ ਸਮੇਂ ਰਾਜਾ ਤੋਂ ਆਪਣੇ ਵਸ਼ ਵਿੱਚ ਕਰਨ ਵਾਲਾ ਹੈ - ਉਹ ਹੈ ਮਨ ਇਸਲਈ ਬਾਪ ਦਾ ਮੰਤ੍ਰ ਵੀ ਹੈ ਮਨਮਨਾਭਵ। ਤਨ ਮਨਾਭਵ, ਧਨ ਮਨਾਭਵ ਜਾਂ ਬੁੱਧੀ ਮਨਾਭਵ ਨਹੀਂ ਹੈ। ਮਨਮਨਾਭਵ ਹੈ। ਤਾਂ ਮਨ ਆਪਣਾ ਪ੍ਰਭਾਵ ਪਾ ਦਿੰਦੇ ਹਨ। ਮਨ ਦੇ ਵਸ਼ ਵਿੱਚ ਆ ਜਾਂਦੇ ਹਨ। ਦੇਖੋ ਕੋਈ ਵੀ ਛੋਟੀ ਜਿਹੀ ਵਿਅਰਥ ਗੱਲ ਜਾਂ ਵਿਅਰਥ ਵਾਤਾਵਰਨ ਜਾਂ ਵਿਅਰਥ ਦ੍ਰਿਸ਼ ਸਭਦਾ ਪ੍ਰਭਾਵ ਪਹਿਲੇ ਕਿਸ ਤੇ ਪੈਂਦਾ ਹੈ? ਮਨ ਤੇ ਪ੍ਰਭਾਵ ਪੈਂਦਾ ਹੈ ਨਾ, ਫਿਰ ਬੁੱਧੀ ਉਸਨੂੰ ਸਹਿਯੋਗ ਦਿੰਦੀ ਹੈ। ਮਨ ਅਤੇ ਬੁੱਧੀ ਜੇਕਰ ਉਸ ਤਰ੍ਹਾਂ ਚੱਲਦੀ ਰਹਿੰਦੀ ਹੈ ਤਾਂ ਸੰਸ਼ਕਾਰ ਬਣ ਜਾਂਦਾ ਹੈ। ਹੁਣ ਵੀ ਆਪਣੇ ਨੂੰ ਚੈਕ ਕਰੋ ਤਾਂ ਮੇਰਾ ਜੋ ਵਿਅਰਥ ਸੰਸਕਾਰ ਹੈ ਉਹ ਬਣਿਆ ਕਿਵੇਂ? ਮੰਨ ਲਓ ਕਿਸੇ ਦੇ ਸੰਸਕਾਰ ਛੋਟੀ ਜਿਹੀ ਗੱਲ ਵਿੱਚ ਸੈਕਿੰਡ ਵਿੱਚ, ਮਨ ਵਿਚ ਫੀਲਿੰਗ ਆਉਣ ਦਾ ਬਣ ਗਿਆ ਹੈ ਤਾਂ ਸੰਸਕਾਰ ਬਣਿਆ ਕਿਵੇਂ? ਫਿਰ ਕਹਿੰਦੇ ਹਨ ਚਾਹੁੰਦੇ ਨਹੀਂ ਹਾਂ, ਸੋਚਦੇ ਵੀ ਹਾਂ ਪਰ ਹੋ ਜਾਂਦਾ ਹੈ। ਇਸਨੂੰ ਕਿਹਾ ਜਾਂਦਾ ਹੈ ਸੰਸਕਾਰਵਸ਼। ਕਿਸੇ ਦਾ ਥੋੜੇ ਟਾਈਮ ਵਿੱਚ ਮਨ ਮਾਯੂਸ ਹੋ ਜਾਂਦਾ, ਥੋੜਾ ਜਿਹਾ ਦੇਖਿਆ, ਸੁਣਿਆ ਅਤੇ ਮਨ ਮਾਯੂਸ ਹੋ ਗਿਆ। ਫਿਰ ਜੇਕਰ ਕੋਈ ਪੁੱਛੇਗਾ ਤਾਂ ਕੀ ਕਹਿਣਗੇ? ਕਹਿਣਗੇ, ਨਹੀਂ ਕੋਈ ਗੱਲ ਨਹੀਂ, ਇਹ ਮੇਰੇ ਸੰਸਕਾਰ ਹਨ। ਠੀਕ ਹੋ ਜਾਏਗਾ, ਸੰਸਕਾਰ ਹੈ। ਪਰ ਬਣਿਆ ਕਿਵੇਂ? ਮਨ ਅਤੇ ਬੁੱਧੀ ਦੇ ਆਧਾਰ ਨਾਲ ਸੰਸਕਾਰ ਬਣ ਗਿਆ। ਫਿਰ ਵੱਖ - ਵੱਖ ਸੰਸਕਾਰ ਹਨ ਜੋ ਬ੍ਰਾਹਮਣ ਸੰਸਕਾਰ ਨਹੀਂ ਹਨ। ਬਾਪਦਾਦਾ ਤਾਂ ਸੋਚਦੇ ਹਨ ਕਿ ਕਹਾਉਣ ਵਿੱਚ ਤਾਂ ਕਿਸੇ ਕੋਲੋਂ ਵੀ ਪੁੱਛਣਗੇ ਕਿ ਤੁਸੀਂ ਕੌਣ ਹੋ? ਤਾਂ ਕੀ ਕਹਿਣਗੇ? ਬ੍ਰਹਮਾਕੁਮਾਰੀ ਜਾਂ ਬ੍ਰਹਮਾਕੁਮਾਰ ਹਨ। ਤਾਂ ਬ੍ਰਹਮਾ ਦੇ ਬੱਚੇ

ਕੀ ਹੋਏ? ਬ੍ਰਾਹਮਣ। ਪਰ ਜਦੋਂ ਵਿਅਰਥ ਦੇ ਸੰਸਕਾਰ ਦੇ ਵਸ਼ ਹੋ ਜਾਂਦੇ ਹੋ ਤਾਂ ਕੀ ਉਸ ਸਮੇਂ ਬ੍ਰਹਮਾਕੁਮਾਰ ,ਬ੍ਰਾਹਮਣ ਹੋ ਜਾਂ ਸ਼ਤ੍ਰੀ ਹੋ? ਉਸ ਵੇਲੇ ਕਿਉਂ ਹੋ? ਜੇਕਰ ਆਪਣੇ ਨਾਲ ਯੁੱਧ ਕਰਦੇ ਹੋ - ਇਹ ਨਹੀਂ... ਤਾਂ ਬ੍ਰਾਹਮਣ ਹੋ ਜਾਂ ਸ਼ਤ੍ਰੀ ਹੋ? ਕਈ ਬੱਚੇ ਕਹਿੰਦੇ ਹਨ ਦੋ ਦਿਨ ਤੋਂ ਮੇਰੇ ਮਨ ਵਿੱਚ ਖੁਸ਼ੀ ਗੁੰਮ ਹੋ ਗਈ, ਪਤਾ ਨਹੀਂ ਕਿਉਂ? ਉਵੇਂ ਤਾਂ ਅੰਦਰ ਸਮਝਦੇ ਹਨ ਪਰ ਬਾਹਰ ਤੋਂ ਕਹਿੰਦੇ ਹਨ ਪਤਾ ਨਹੀਂ ਕਿਉਂ! ਪਰ ਉਹ ਦਿਨ ਬ੍ਰਾਹਮਣ ਹਨ ਜਾਂ ਸ਼ਤ੍ਰੀ ਹਨ? ਜਿਸਦੀ ਖੁਸ਼ੀ ਗੁੰਮ ਹੋ ਗਈ ਤਾਂ ਬ੍ਰਾਹਮਣ ਹਨ? ਤਾਂ ਕੀ ਕਦੀ ਸ਼ਤ੍ਰੀ ਬਣਦੇ ਹੋ, ਕਦੀ ਬ੍ਰਾਹਮਣ ਬਣਦੇ ਹੋ? ਸਭ ਨੇ ਕਿਹਾ ਨਾ ਮਾਲਿਕ ਹਨ, ਪਰ ਉਸ ਸਮੇਂ ਕੀ ਹੋ? ਮਾਲਿਕ ਹੋ ਜਾਂ ਪਰਵਸ਼ ਹੋ?

ਤਾਂ ਬਾਪਦਾਦਾ ਨੇ ਦੇਖਿਆ ਕਿ ਮਾਲਿਕਪਨ ਨੂੰ ਹਿਲਾਉਣ ਵਾਲਾ ਵਿਸ਼ੇਸ਼ ਮਨ ਹੈ। ਅਤੇ ਤੁਸੀਂ ਸਵਰਾਜ ਅਧਿਕਾਰੀ ਰਾਜਾ ਹੋ, ਮਨ ਤੁਹਾਡਾ ਮੰਤਰੀ ਹੈ। ਜਾਂ ਮਨ ਮਾਲਿਕ ਹੈ, ਤੁਸੀਂ ਮੰਤਰੀ ਹੋ? ਤੁਸੀਂ ਰਾਜਾ ਹੋ ਨਾ, ਮਨ ਤਾਂ ਰਾਜਾ ਨਹੀਂ ਹੈ? ਮੰਤਰੀ ਹੈ, ਸਹਿਯੋਗੀ ਹੈ। ਤਾਂ ਮਨ ਦਾ ਮਾਲਿਕਪਨ - ਇਹ ਸਦਾ ਹੋਵੇ ਉਦੋਂ ਕਹਾਂਗੇ ਕਿ ਸਵਰਾਜ ਅਧਿਕਾਰੀ। ਨਹੀਂ ਤਾਂ ਕਦੀ ਅਧਿਕਾਰੀ, ਕਦੀ ਅਧੀਨ। ਇਸਦਾ ਕਾਰਣ ਕੀ ਹੈ? ਕਿਓਂ ਨਹੀਂ ਪਰਿਵਰਤਨ ਹੁੰਦਾ? ਜਦੋਂ ਸਮਝਦੇ ਵੀ ਹੋ ਫਿਰ ਵੀ ਸੰਸਕਾਰ ਦੇ ਵਸ਼ ਹੋ ਜਾਂਦੇ ਹੋ ਇਸਲਈ ਪਹਿਲੇ ਮਨ ਨੂੰ ਕੰਟਰੋਲ ਕਰੋ। ਕਹਿੰਦੇ ਹੋ ਰਾਜਾ ਹੈ ਪਰ ਰਾਜਾ ਦਾ ਅਰਥ ਹੈ ਜਿਸ ਵਿੱਚ ਰੂਲਿੰਗ ਪਾਵਰ ਹੋਵੇ। ਜੇਕਰ ਨਾਮ ਰਾਜਾ ਹੋਵੇ ਅਤੇ ਰੂਲਿੰਗ ਪਾਵਰ ਨਹੀਂ ਤਾਂ ਉਸਦਾ ਕੀ ਹਾਲ ਹੋਵੇਗਾ? ਉਸਦਾ ਰਾਜ ਚੱਲੇਗਾ? ਨਹੀਂ ਚੱਲੇਗਾ। ਤਾਂ ਰੂਲਿੰਗ ਪਾਵਰ ਕਿੰਨੇ ਪਰਸੈਂਟ ਵਿੱਚ ਆਈ ਹੈ - ਇਹ ਚੈਕ ਕਰੋ।

ਇੱਕ ਗਲਤੀ ਬਹੁਤ ਕਰਦੇ ਹੋ ਉਸਦੇ ਕਾਰਣ ਵੀ ਸੰਸਕਾਰ ਦੇ ਉੱਪਰ ਵਿਜੇ ਪ੍ਰਾਪਤ ਨਹੀਂ ਕਰ ਸਕਦੇ, ਬਹੁਤ ਟਾਇਮ ਲਗਦਾ ਹੈ ਸਮਝਦੇ ਹਨ ਕਲ ਤੋਂ ਨਹੀਂ ਕਰਾਂਗੇ ਪਰ ਜਦੋਂ ਕਲ ਹੁੰਦਾ ਹੈ ਤਾਂ ਅੱਜ ਤੋਂ ਕਲ ਦੀ ਗੱਲ ਵੱਡੀ ਹੋ ਜਾਂਦੀ ਹੈ। ਤਾਂ ਕਹਿੰਦੇ ਹਨ ਕਲ ਛੋਟੀ ਗੱਲ ਸੀ ਨਾ ਅੱਜ ਤੇ ਬਹੁਤ ਵੱਡੀ ਗੱਲ ਸੀ। ਤਾਂ ਵੱਡੀ ਗੱਲ ਹੋਣ ਦੇ ਕਾਰਣ ਥੋੜਾ ਹੋ ਗਿਆ, ਫਿਰ ਠੀਕ ਕਰ ਲਵਾਂਗੇ ਇਹ ਵੱਡਿਆਂ ਨੂੰ ਅਤੇ ਆਪਣੇ ਦਿਲ ਨੂੰ ਦਿਲਾਸਾ ਦਿੰਦੇ ਹੋ ਅਤੇ ਇਹ ਦਿਲਾਸਾ ਦਿੰਦੇ ਹੋਏ ਚੱਲਦੇ ਹੋ ਪਰ ਇਹ ਦਿਲਾਸਾ ਨਹੀਂ ਹੈ, ਇਹ ਧੋਖਾ ਹੈ। ਉਸ ਸਮੇਂ ਥੋੜਾ ਸਮੇਂ ਦੇ ਲਈ ਆਪਣੇ ਨੂੰ ਜਾਂ ਦੂਸਰਿਆਂ ਨੂੰ ਦਿਲਾਸਾ ਦੇਣਾ - ਬਸ ਹੁਣ ਠੀਕ ਹੋ ਜਾਵਾਂਗੇ, ਪਰ ਇਹ ਖੁਦ ਨੂੰ ਧੋਖਾ ਦੇਣ ਦੀ ਆਦਤ ਪੱਕੀ ਕਰਦੇ ਜਾਂਦੇ ਹੋ। ਜੋ ਉਸ ਸਮੇਂ ਪਤਾ ਨਹੀਂ ਲੱਗਦਾ ਜਦੋਂ ਪ੍ਰੈਕਟੀਕਲ ਵਿੱਚ ਧੋਖਾ ਮਿਲਦਾ ਹੈ ਉਦੋਂ ਸਮਝਦੇ ਹਨ ਕਿ ਹਾਂ ਇਹ ਧੋਖਾ ਹੀ ਹੈ। ਤਾਂ ਭੁੱਲ ਕੀ ਕਰਦੇ ਹੋ? ਜਦੋ ਵੱਡੇ ਜਾਂ ਛੋਟੇ ਇੱਕ ਦੂਜੇ ਨੂੰ ਸਿੱਖਿਆ ਦਿੰਦੇ ਹਨ ਤਾਂ ਕੀ ਕਹਿੰਦੇ ਹੋ? ਇਹ ਮੇਰਾ ਸੁਭਾਵ ਹੈ, ਮੇਰਾ ਸੰਸਕਾਰ ਹੈ, ਕਿਸੇ ਦੀ ਫੀਲਿੰਗ ਦਾ, ਕਿਸੇ ਦਾ ਕਿਨਾਰਾ ਕਰਨ ਦਾ, ਕਿਸੇ ਦਾ ਬਾਰ - ਬਾਰ ਪਰਿਚਿੰਤਨ ਕਰਨ ਦਾ, ਕਿਸੇ ਦਾ ਪਰਿਚਿੰਤਨ ਸੁਣਨ ਦਾ, ਵੱਖ - ਵੱਖ ਹਨ, ਉਸਨੂੰ ਤਾਂ ਤੁਸੀਂ ਬਾਪ ਤੋਂ ਵੀ ਜ਼ਿਆਦਾ ਜਾਣਦੇ ਹੋ? ਪਰ ਬਾਪਦਾਦਾ ਕਹਿੰਦੇ ਹਨ ਕਿ ਜਿਸਨੂੰ ਤੁਸੀਂ ਮੇਰਾ ਸੰਸਕਾਰ ਕਿਹਾ ਉਹ ਮੇਰਾ ਹੈ? ਕਿਸਦਾ ਹੈ? (ਰਾਵਣ ਦਾ) ਤਾਂ ਮੇਰਾ ਕਿਉਂ ਕਿਹਾ? ਇਹ ਤਾਂ ਕਦੀ ਨਹੀਂ ਕਹਿੰਦੇ ਹੋ ਕਿ ਇਹ ਰਾਵਣ ਦਾ ਸੰਸਕਾਰ ਹੈ। ਕਹਿੰਦੇ ਹੋ ਮੇਰੇ ਸੰਸਕਾਰ ਹਨ। ਤਾਂ ਇਹ 'ਮੇਰਾ' ਸ਼ਬਦ - ਇਹ ਹੀ ਪੁਰਸ਼ਾਰਥ ਵਿੱਚ ਢਿੱਲਾ ਕਰਦਾ ਹੈ। ਇਹ ਰਾਵਣ ਦੀ ਚੀਜ਼ ਅੰਦਰ ਛਿਪਾਕੇ ਕਿਉਂ ਰੱਖੀ ਹੈ? ਲੋਕ ਤਾਂ ਰਾਵਣ ਨੂੰ ਮਾਰਨ ਦੇ ਬਾਅਦ ਸਾੜਦੇ ਹਨ, ਸਾੜਨ ਦੇ ਬਾਅਦ ਜੋ ਕੁਝ ਵੀ ਬਚਦਾ ਹੈ ਉਹ ਵੀ ਪਾਣੀ ਵਿੱਚ ਪਾ ਦਿੰਦੇ ਹਨ, ਅਤੇ ਤੁਸੀਂ ਮੇਰਾ ਬਣਾਕੇ ਰੱਖ ਦਿੱਤਾ ਹੈ! ਜਿੱਥੇ ਰਾਵਣ ਦੀ ਚੀਜ਼ ਹੋਵੇਗੀ ਉੱਥੇ ਅਸ਼ੁੱਧਤਾ ਦੇ ਨਾਲ ਸ਼ੁੱਧ ਸੰਸਕਾਰ ਇਕੱਠੇ ਰਹਿਣਗੇ ਕੀ? ਅਤੇ ਰਾਜ ਕਿਸਦਾ ਹੈ? ਅਸ਼ੁੱਧ ਦਾ। ਸ਼ੁੱਧ ਦਾ ਤਾਂ ਨਹੀਂ ਹੈ ਨਾ। ਤਾਂ ਰਾਜ ਹੈ ਅਸ਼ੁੱਧ ਦਾ ਅਤੇ ਅਸ਼ੁੱਧ ਚੀਜ਼ ਆਪਣੇ ਕੋਲ ਸੰਭਾਲ ਕੇ ਰੱਖ ਦਿੱਤੀ ਹੈ। ਜਿਵੇਂ ਸੋਨਾ ਜਾਂ ਹੀਰਾ ਸੰਭਾਲ ਕੇ ਰੱਖਿਆ ਹੋਵੇ। ਇਸਲਈ ਅਸ਼ੁੱਧ ਅਤੇ ਸ਼ੁੱਧ ਦੋਵਾਂ ਦੀ ਯੁੱਧ ਚੱਲਦੀ ਰਹਿੰਦੀ ਹੈ ਤਾਂ ਬਾਰ - ਬਾਰ ਬ੍ਰਾਹਮਣ ਤੋਂ ਸ਼ਤ੍ਰੀ ਬਣ ਜਾਂਦੇ ਹੋ। ਮੇਰਾ ਸੰਸਕਾਰ ਕੀ ਹੈ? ਜੋ ਬਾਪ ਦਾ ਸੰਸਕਾਰ ਹੈ, ਵਿਸ਼ੇਸ਼ ਹੈ ਹੀ ਵਿਸ਼ਵ ਕਲਿਆਣਕਾਰੀ, ਸ਼ੁਭ ਚਿੰਤਨਧਾਰੀ। ਸਭਦੇ ਪ੍ਰਤੀ ਸ਼ੁਭ ਭਾਵਨਾ, ਸ਼ੁਭ ਕਾਮਨਾਧਾਰੀ। ਇਹ ਹੈ ਓਰਿਜਨਲ ਮੇਰੇ ਸੰਸਕਾਰ। ਬਾਕੀ ਮੇਰੇ ਨਹੀਂ ਹਨ। ਅਤੇ ਇਹ ਹੀ ਅਸ਼ੁਧੀ ਜੋ ਅੰਦਰ ਛਿਪੀ ਹੋਈ ਹੈ ਨਾ, ਉਹ ਸੰਪੂਰਨ ਸ਼ੁੱਧ ਬਣਨ ਵਿੱਚ ਵਿਘਨ ਪਾਉਂਦੀ ਹੈ। ਤਾਂ ਜੋ ਬਣਨਾ ਚਾਹੁੰਦੇ ਹੋ, ਲਕਸ਼ ਰੱਖਦੇ ਹੋ ਪਰ ਪ੍ਰੈਕਟਿਕਲ ਵਿੱਚ ਫਰਕ ਪੈ ਜਾਂਦਾ ਹੈ।

ਮੈਜੋਰਿਟੀ ਨੇ ਸੋਚਿਆ ਹੈ, ਕਈਆ ਨੇ ਤਾਂ ਆਪਣਾ ਸੰਕਲਪ ਕੀਤਾ ਵੀ, ਲਿਖਿਆ ਵੀ ਕਿ ਇਸ ਡਾਇਮੰਡ ਜੁਬਲੀ ਵਿੱਚ ਬਾਪ ਸਮਾਨ ਡਾਇਮੰਡ ਬਣਨਾ ਹੀ ਹੈ। ਇਹ ਸੰਕਲਪ ਹੈ ਜਾਂ ਸੋਚਣਾ ਹੈ? ਸੋਚਣਾ ਹੋਵੇ ਤਾਂ ਸੋਚ ਲਵੋ! ਪਰ ਨੰਬਰ ਪਿੱਛੇ ਮਿਲੇਗਾ। ਕਹਾਵਤ ਵੀ ਹੈ ਜੋ ਕਰੇਗਾ ਸੋ ਪਾਏਗਾ। ਇਹ ਤਾਂ ਨਹੀਂ ਹੈ ਕਿ ਜੋ ਸੋਚੇਗਾ ਉਹ ਪਏਗਾ! ਤਾਂ ਸੰਕਲਪ ਬਹੁਤ ਚੰਗਾ ਕਰਦੇ ਹੋ। ਬਾਪਦਾਦਾ ਵੀ ਪੜ੍ਹਕੇ, ਸੁਣਕੇ ਖੁਸ਼ ਹੁੰਦੇ ਹਨ ਪਰ ਰਾਵਣ ਦੀ ਚੀਜ਼ ਜੋ ਛਿਪਾਕੇ ਰੱਖੀ ਹੈ ਨਾ ਉਹ ਮਨ ਦਾ ਮਾਲਿਕ ਬਣਨ ਨਹੀਂ ਦਿੰਦੀ। ਮੇਰੀ ਆਦਤ ਹੈ, ਮੇਰਾ ਸੰਸਕਾਰ ਹੈ, ਮੇਰੀ ਨੇਚਰ ਹੈ - ਇਹ ਸਭ ਰਾਵਣ ਦੀ ਜਾਇਦਾਦ ਨਾਲ ਵਿੱਚ, ਦਿਲ ਵਿੱਚ ਰੱਖ ਦਿੱਤੀ ਹੈ, ਤਾਂ ਦਿਲਾਰਾਮ ਕਿੱਥੇ ਬੈਠੇਗਾ! ਰਾਵਣ ਦੇ ਵਰਸੇ ਦੇ ਉੱਪਰ ਬੈਠੇ ਕੀ! ਤਾਂ ਹੁਣ ਇਸਨੂੰ ਮਿਟਾਓ।

ਜਦੋਂ ਮੇਰਾ ਸ਼ਬਦ ਬੋਲਦੇ ਹੋ ਤਾਂ ਯਾਦ ਕਰੋ - ਮੇਰਾ ਸਵਭਾਵ ਜਾਂ ਮੇਰੀ ਨੇਚਰ ਕੀ ਹੈ? ਅਤੇ ਮਨ ਨੂੰ ਦੁਨੀਆ ਵਾਲੇ ਵੀ ਕਹਿੰਦੇ ਹਨ ਇਹ ਘੋੜਾ ਹੈ, ਬਹੁਤ ਭਜੱਦਾ ਹੈ ਹੋਰ ਤੇਜ ਭਜਦਾ ਹੈ ਲੇਕਿਨ ਤੁਹਾਡਾ ਮਨ ਭਜਨਾ ਚਾਹੀਦਾ ਹੈ? ਤੁਹਾਡਾ ਸ਼੍ਰੀਮਤ ਦਾ ਲਗਾਮ ਮਜਬੂਤ ਹੈ। ਜੇਕਰ ਲਗਾਮ ਠੀਕ ਹੈ ਤਾਂ ਕੁਝ ਵੀ ਹਲਚਲ ਨਹੀਂ ਹੋ ਸਕਦੀ। ਲੇਕਿਨ ਕਰਦੇ ਕੀ ਹੋ? ਬਾਪਦਾਦਾ ਤਾਂ ਵੇਖਦੇ ਰਹਿੰਦੇ ਹਨ ਨਾ ਤਾਂ ਹੰਸੀ ਵੀ ਆਉਂਦੀ ਹੈ, ਜਿਵੇਂ ਸਵਾਰੀ ਨੂੰ ਚਲਾ ਰਹੇ ਹੋ, ਲਗਾਮ ਹੱਥ ਵਿਚ ਹੈ ਲੇਕਿਨ ਜੇਕਰ ਚਲਦੇ - ਚਲਦੇ ਲਗਾਮ ਫੜਨ ਵਾਲੇ ਦੀ ਬੁੱਧੀ ਜਾਂ ਮਨ ਕੋਈ ਸਾਈਡ ਸੀਨ ਦੇ ਵੱਲ ਲੱਗ ਗਈ ਤਾਂ ਕੀ ਹੋਵੇਗਾ? ਲਗਾਮ ਢਿੱਲਾ ਹੋਵੇਗਾ! ਅਤੇ ਲਗਾਮ ਢਿੱਲਾ

ਹੋਣ ਨਾਲ ਮਨ ਚੰਚਲਤਾ ਜਰੂਰ ਕਰੇਗਾ। ਤਾਂ ਸ਼੍ਰੀਮਤ ਦਾ ਲਗਾਮ ਸਦਾ ਆਪਣੇ ਅੰਦਰ ਸਮ੍ਰਿਤੀ ਵਿਚ ਰੱਖੋ। ਜਦੋਂ ਵੀ ਕੋਈ ਗੱਲ ਹੋਵੇ, ਮਨ ਚੰਚਲ ਹੋਵੇ ਤਾਂ ਸ਼੍ਰੀਮਤ ਦਾ ਲਗਾਮ ਟਾਇਟ ਕਰੋ। ਫਿਰ ਕੁਝ ਨਹੀਂ ਹੋਵੇਗਾ। ਫਿਰ ਮੰਜਿਲ ਤੇ ਪਹੁੰਚ ਜਾਵੋਗੇ। ਤਾਂ ਸ਼੍ਰੀਮਤ ਹਰ ਕਦਮ ਦੇ ਲਈ ਹੈ, ਸ਼੍ਰੀਮਤ ਸਿਰਫ ਬ੍ਰਹਮਚਾਰੀ ਬਣੋ ਇਹ ਨਹੀਂ ਹੈ। ਹਰ ਕਰਮ ਦੇ ਲਈ ਸ਼੍ਰੀਮਤ ਹੈ। ਚਲਣਾ, ਖਾਣਾ, ਪੀਣਾ, ਸੁਣਨਾ, ਸੁਣਾਉਣਾ - ਸਭ ਦੀ ਸ਼੍ਰੀਮਤ ਹੈ। ਹੈ, ਕਿ ਨਹੀਂ ਹੈ? ਮੰਨ ਲਓ ਤੁਸੀ ਪਰਚਿੰਤਨ ਕਰ ਰਹੇ ਹੋ ਤਾਂ ਕੀ ਇਹ ਸ਼੍ਰੀਮਤ ਹੈ? ਸ਼੍ਰੀਮਤ ਨੂੰ ਢਿੱਲਾ ਕੀਤਾ ਤਾਂ ਮਨ ਨੂੰ ਚਾਂਸ ਮਿਲਦਾ ਹੈ ਚੰਚਲ ਬਣਨ ਦਾ। ਫਿਰ ਉਸਨੂੰ ਆਦਤ ਪੈ ਜਾਂਦੀ ਹੈ। ਤਾਂ ਆਦਤ ਪਾਉਣ ਵਾਲਾ ਕੌਣ? ਤੁਸੀਂ ਹੀ ਹੋ ਨਾ! ਤਾਂ ਪਹਿਲੇ ਮਨ ਦਾ ਰਾਜਾ ਬਣੋ। ਚੈਕ ਕਰੋ - ਅੰਦਰ ਹੀ ਅੰਦਰ ਇਹ ਮੰਤਰੀ ਆਪਣਾ ਰਾਜ ਤਾਂ ਨਹੀਂ ਸਥਾਪਨ ਕਰ ਰਹੇ ਹਨ। ਜਿਵੇਂ ਅੱਜਕਲ ਦੇ ਰਾਜ ਵਿੱਚ ਵੱਖ ਗਰੁੱਪ ਬਣਾ ਕੇ ਹੋਰ ਪਾਵਰ ਵਿੱਚ ਆ ਜਾਂਦੇ ਹਨ। ਅਤੇ ਪਹਿਲੇ ਵਾਲਿਆਂ ਨੂੰ ਹਿਲਾਉਣ ਦੀ ਕੋਸ਼ਿਸ਼ ਕਰਦੇ ਹਨ ਤਾਂ ਇਹ ਮਨ ਵੀ ਇਵੇਂ ਕਰਦਾ ਹੈ, ਬੁੱਧੀ ਨੂੰ ਵੀ ਆਪਣਾ ਬਣਾ ਲੈਂਦਾ ਹੈ। ਮੂੰਹ ਨੂੰ, ਕੰਨ ਨੂੰ, ਸਭ ਨੂੰ ਆਪਣਾ ਬਣਾ ਲੈਂਦਾ ਹੈ। ਤਾਂ ਰੋਜ ਚੈਕ ਕਰੋ, ਸਮਾਚਾਰ ਪੁੱਛੋ - ਹੇ ਮਨ ਮੰਤ੍ਰੀ ਤੁਸੀਂ ਕੀ ਕੀਤਾ? ਕਿਤੇ ਧੋਖਾ ਤੇ ਨਹੀਂ ਦਿਤਾ? ਕਿਧਰੇ ਅੰਦਰ ਹੀ ਅੰਦਰ ਗਰੁੱਪ ਬਣਾ ਦੇਵੇ ਅਤੇ ਤੁਹਾਨੂੰ ਰਾਜਾ ਦੀ ਬਜਾਏ ਗੁਲਾਮ ਬਣਾ ਦੇਵੇ! ਤਾਂ ਅਜਿਹਾ ਨਾ ਹੋਵੇ। ਦੇਖੋ ਬ੍ਰਹਮਾ ਬਾਪ ਆਦਿ ਵਿੱਚ ਰੋਜ਼ ਇਹ ਦਰਬਾਰ ਲਗਾਉਂਦੇ ਸਨ ਜਿਸ ਵਿਚ ਸਭ ਸਹਿਯੋਗੀ ਸਾਥੀਆਂ ਤੋਂ ਸਮਾਚਾਰ ਪੁੱਛਦੇ, ਇਹ ਰੋਜ਼ ਦੀ ਬ੍ਰਹਮਾ ਬਾਪ ਦੀ ਆਦਿ ਸੀ ਦਿਨਚਰਿਆ ਹੈ। ਸੁਣਿਆ ਹੈ ਨਾ? ਤਾਂ ਬ੍ਰਹਮਾ ਬਾਪ ਨੇ ਵੀ ਮਿਹਨਤ ਕੀਤੀ ਹੈ ਨਾ! ਅਟੈਂਸ਼ਨ ਰੱਖਿਆ ਤਾਂ ਸਵਰਾਜ ਅਧਿਕਾਰੀ ਸੋ ਵਿਸ਼ਵ ਦੇ ਰਾਜ ਅਧਿਕਾਰੀ ਬਣੇ। ਸ਼ਿਵ ਬਾਪ ਤੇ ਹੈ ਹੀ ਨਿਰਾਕਾਰ ਲੇਕਿਨ ਬ੍ਰਹਮਾ ਬਾਪ ਨੇ ਤਾਂ ਤੁਹਾਡੇ ਸਮਾਨ ਸਾਰੀ ਜੀਵਨ ਪੁਰਸ਼ਾਰਥ ਨਾਲ ਪ੍ਰਾਲਬਧ ਪ੍ਰਾਪਤ ਕੀਤੀ। ਤਾਂ ਬ੍ਰਹਮਾ ਬਾਪ ਨੂੰ ਫਾਲੋ ਕਰੋ। ਇਹ ਮਨ ਬਹੁਤ ਚੰਚਲ ਹੈ ਅਤੇ ਬਹੁਤ ਕੁਵਿਕ ਹੈ, ਇੱਕ ਸੈਕਿੰਡ ਵਿੱਚ ਤੁਹਾਨੂੰ ਸਾਰਾ ਫੌਰਨ ਘੁੰਮਾ ਕੇ ਆ ਸਕਦਾ ਹੈ। ਤਾਂ ਕੀ ਸੁਣਿਆ? ਬਾਲਕ ਸੋ ਮਾਲਿਕ। ਇਵੇਂ ਨਹੀਂ ਖੁਸ਼ ਰਹਿਣਾ - ਬਾਲਕ ਤਾਂ ਬਣ ਗਏ, ਵਰਸਾ ਤੇ ਮਿਲ ਗਿਆ ਲੇਕਿਨ ਜੇਕਰ ਵਰਸੇ ਦੇ ਮਾਲਿਕ ਨਹੀਂ ਬਣੇ ਤਾਂ ਬਾਲਕਪਨ ਕੀ ਹੋਇਆ? ਬਾਲਕ ਦਾ ਅਰਥ ਹੀ ਹੈ ਮਾਲਿਕ। ਲੇਕਿਨ ਸਵਰਾਜ ਦੇ ਵੀ ਮਾਲਿਕ ਬਣੋ। ਸਿਰਫ ਵਰਸੇ ਨੂੰ ਵੇਖ ਕੇ ਖੁਸ਼ ਨਹੀਂ ਹੋਵੋ, ਸਵਰਾਜ ਅਧਿਕਾਰੀ ਬਣੋ। ਇਤਨੀ ਛੋਟੀ ਜਿਹੀ ਅੱਖ ਬਿੰਦੀ ਹੈ, ਉਹ ਵੀ ਧੋਖਾ ਦੇ ਦਿੰਦੀ ਹੈ। ਤਾਂ ਮਾਲਿਕ ਨਹੀਂ ਹੋਏ ਤਾਂ ਹੀ ਧੋਖਾ ਦਿੰਦੀ ਹੈ। ਤਾਂ ਬਾਪਦਾਦਾ ਸਾਰੇ ਬੱਚਿਆਂ ਨੂੰ ਸਵਰਾਜ ਅਧਿਕਾਰੀ ਰਾਜਾ ਵੇਖਣਾ ਚਾਉਂਦੇ ਹਨ। ਅਧਿਕਾਰੀ ਅਧੀਨ ਨਹੀਂ ਰਹੇਗਾ। ਸਮਝਾ? ਕੀ ਬਣੋਗੇ? ਬਾਲਕ ਸੋ ਮਾਲਿਕ। ਰਾਵਣ ਦੀ ਚੀਜ ਨੂੰ ਤੇ ਇੱਥੇ ਹਾਲ ਵਿਚ ਹੀ ਛੱਡਕੇ ਜਾਣਾ। ਇਹ ਤਪੱਸਿਆ ਦਾ ਸਥਾਨ ਹੈ ਨਾ। ਤਾਂ ਤਪੱਸਿਆ ਨੂੰ ਅਗਨੀ ਕਿਹਾ ਜਾਂਦਾ ਹੈ। ਤਾਂ ਅਗਨੀ ਵਿੱਚ ਖਤਮ ਹੋ ਜਾਵੇਗਾ।

ਬਾਪਦਾਦਾ ਨੇ ਵੇਖਿਆ ਕਿ ਬੱਚਿਆਂ ਦਾ ਰਾਵਣ ਨਾਲ ਹੁਣ ਵੀ ਪਿਆਰ ਹੈ। ਦਿਲ ਤੋਂ ਚਾਉਂਦੇ ਨਹੀਂ ਹਨ ਲੇਕਿਨ ਰਹਿ ਗਿਆ ਹੈ। ਹੁਣ ਇਸ ਨੂੰ ਖਤਮ ਕਰੋ। ਟੀਚਰਜ਼ ਕੀ ਕਰਨਗੇ? ਇੱਥੇ ਹੀ ਛੱਡਕੇ ਜਾਣਗੇ ਜਾਂ ਟ੍ਰੇਨ ਵਿਚ ਸੁੱਟਣ ਗੇ? ਕਿਉਂਕਿ 63 ਜਨਮਾਂ ਦੀ ਪੁਰਾਣੀ ਚੀਜ ਹੈ ਤਾਂ ਥੋੜ੍ਹੀ ਤੇ ਪ੍ਰੀਤ ਹੈ। ਪਾਂਡਵ ਕੀ ਕਰਨਗੇ? ਇੱਥੇ ਹੀ ਛੱਡਕੇ ਜਾਵੇਗੇ ਜਾਂ ਹੇਠਾਂ ਆਬੂ ਰੋਡ ਤੇ ਛੱਡੋਗੇ? ਇੱਥੇ ਹੀ ਛੱਡਕੇ ਜਾਣਾ। ਛੱਡਣ ਲਈ ਤਿਆਰ ਹੋ? ਢਿੱਲਾ - ਢਾਲਾ ਹਾਂ ਕਰ ਰਹੇ ਹੋ। ਬਾਪਦਾਦਾ ਰੋਜ਼ ਕੋਈ ਨਾ ਕੋਈ ਬੱਚਿਆਂ ਦੀਆਂ ਗੱਲਾਂ ਚੈਕ ਕਰਦਾ ਹੈ। ਤੁਸੀਂ ਵੀ ਚੈਕ ਕਰੋਗੇ ਤਾਂ ਤੇ ਚੇਂਜ ਹੋਵੋਗੇ ਨਾ!

ਅੱਛਾ, ਇਹ ਚਾਂਸ ਤੇ ਐਕਸਟ੍ਰਾ ਚਾਂਸ ਮਿਲਿਆ ਹੈ। ਇਹ ਵੀ ਨਵਿਆਂ ਨੂੰ ਜਾਂ ਪੁਰਾਣਿਆ ਨੂੰ ਅਚਾਨਕ ਦੀ ਲਾਟਰੀ ਮਿਲੀ ਹੈ। ਤਾਂ ਅਚਾਨਕ ਦੀ ਲਾਟਰੀ ਦਾ ਮਹੱਤਵ ਹੁੰਦਾ ਹੈ। ਤਾਂ ਇਸ ਲਾਟਰੀ ਨੂੰ ਸਦਾ ਪ੍ਰੈਕਟਿਕਲ ਕਰਮ ਵਿੱਚ ਲਿਆਉਂਦੇ ਹੋਏ ਵਧਾਉਂਦੇ ਰਹਿਣਾ। ਜਿੰਨਾਂ ਆਪਣੇ ਪ੍ਰਤੀ ਜਾਂ ਦੂਜਿਆਂ ਦੇ ਪ੍ਰਤੀ ਕੰਮ ਵਿਚ ਲਗਾਵੋਗੇ ਉਤਨਾ ਵਧਦਾ ਜਾਵੇਗਾ। ਤਾਂ ਵਧਾਉਂਦੇ ਰਹਿਣਾ ਇਹ ਲਾਟਰੀ ਦਾ ਦਿਨ ਭੁੱਲਣਾ ਨਹੀਂ। ਯਾਦ ਰੱਖਣਾ।

ਚਾਰੋਂ ਪਾਸੇ ਦੇ ਬਾਲਕ ਸੋ ਮਾਲਿਕ ਡਬਲ ਅਧਿਕਾਰ ਲੈਣ ਵਾਲੇ ਸ੍ਰੇਸ਼ਠ ਆਤਮਾਵਾਂ, ਸਦਾ ਸਵਰਾਜ ਅਧਿਕਾਰੀ ਬਣ ਆਪਣਾ ਰਾਜ ਚਲਾਉਣ ਵਕੇ ਭਾਗਵਾਨ ਆਤਮਾਵਾਂ, ਸਦਾ ਬਾਪ ਦੇ ਸੰਸਕਾਰ ਸੋ ਮੇਰੇ ਸੰਸਕਾਰ ਇਸ ਵਿਧੀ ਨਾਲ ਸੇਵਾ ਵਿਚ ਅੱਗੇ ਵਧਣ ਵਾਲੇ ਸ੍ਰੇਸ਼ਠ ਸੇਵਾਦਾਰੀ ਆਤਮਾਵਾਂ ਨੂੰ ਬਾਪਦਾਦਾ ਦਾ ਯਾਦ ਪਿਆਰ ਅਤੇ ਨਮਸਤੇ।

ਵਰਦਾਨ:- ਬ੍ਰਾਹਮਣ ਜੀਵਨ ਵਿਚ ਖੁਸ਼ੀ ਦੇ ਵਰਦਾਨ ਨੂੰ ਸਦਾ ਕਾਇਮ ਰੱਖਣ ਵਾਲੇ ਮਹਾਨ ਆਤਮਾ ਭਵ।

ਬ੍ਰਾਹਮਣ ਜੀਵਨ ਵਿਚ ਖੁਸ਼ੀ ਹੀ ਜਨਮ ਸਿੱਧ ਅਧਿਕਾਰ ਹੈ, ਸਦਾ ਖੁਸ਼ ਰਹਿਣਾ ਹੀ ਮਹਾਨਤਾ ਹੈ। ਜੋ ਇਸ ਖੁਸ਼ੀ ਦੇ ਵਰਦਾਨ ਨੂੰ ਕਾਇਮ ਰੱਖਦੇ ਹਨ ਉਹ ਹੀ ਮਹਾਨ ਹਨ। ਤਾਂ ਖੁਸ਼ੀ ਨੂੰ ਕਦੇ ਗਵਾਉਣਾ ਨਹੀਂ। ਸਮੱਸਿਆ ਤੇ ਆਵੇਗੀ ਅਤੇ ਜਾਵੇਗੀ ਲੇਕਿਨ ਖੁਸ਼ੀ ਨਹੀਂ ਜਾਵੇ ਕਿਉਂਕਿ ਸਮੱਸਿਆ, ਪਰ - ਸਥਿਤੀ ਹੈ, ਦੂਜੇ ਦੇ ਵਲੋਂ ਆਈ ਹੈ, ਉਹ ਤਾਂ ਆਵੇਗੀ, ਜਾਵੇਗੀ। ਖੁਸ਼ੀ ਆਪਣੀ ਚੀਜ ਹੈ, ਆਪਣੀ ਚੀਜ ਨੂੰ ਸਦਾ ਨਾਲ ਰੱਖਦੇ ਹਨ ਇਸਲਈ ਭਾਵੇਂ ਸ਼ਰੀਰ ਵੀ ਚਲਾ ਜਾਵੇ ਲੇਕਿਨ ਖੁਸ਼ੀ ਨਹੀਂ ਜਾਵੇ। ਖੁਸ਼ੀ ਨਾਲ ਸ਼ਰੀਰ ਵੀ ਜਾਵੇਗਾ ਤਾਂ ਵਧੀਆ ਅਤੇ ਨਵਾਂ ਮਿਲੇਗਾ।

ਸਲੋਗਨ:- ਬਾਪਦਾਦਾ ਦੇ ਦਿਲ ਦੀ ਮੁਬਾਰਕ ਲੈਣੀ ਹੈ ਤਾਂ ਅਨੇਕ ਗੱਲਾਂ ਨੂੰ ਨਾ ਦੇਖ ਅਥੱਕ ਸੇਵਾ ਤੇ ਹਾਜ਼ਿਰ ਰਹੋ।

******